Drop-in Service Hours / 偶到服務時間 / Jam Kerja di Tempat /
ड्रप-ईन सेवा के घंटे / ड्रप-इन सेवाको समय / ड्रॉप इिन सरविस समां /
Mga Oras ng Serbisyo sa Drop-in / เวลาทำการของเคาน์เตอร์ดร็อป-อิน / ڈراپ اِن کے کام کے اوقات

Telephone Interpretation Service Hotlines (TELIS) / 電話傳譯服務熱線 (TELIS) /
Hotline Layanan Penerjemahan lewat Telepon (TELIS) / टेलीफोन व्याख्या सेवा हाटलाइन (TELIS) /
टेलिफोन दोभाषे सेवा हटलाइनहरू (TELIS) / टैलीफ़ोन विआखिआ सेवा हॉटलाईन (TELIS) /
Mga Hotline ng Serbisyong Interpretasyong Pantelepono (TELIS) /
สายด่วนบริการล่ามทางโทรศัพท์ (TELIS) / (TELIS) ٹیلی فون پر زبانی ترجمہ کی سہولت کی ہاٹ لائنز

## CHEER Operation Hours

| Time/Day | Mon | Tue | Wed | Thu | Fri | Sat | Sun |
|---|---|---|---|---|---|---|---|
| 9:00am - 5:00pm | ☺ | ☺ | ☺ | ☺ | ☺ | ☺ | ☺ |
| 5:00pm - 9:00pm | ☺ | ☺ | ☺ | ☺ | ☺ | ☺ | ✕ |
| 8:00am - 10:00pm | ☎ | ☎ | ☎ | ☎ | ☎ | ☎ | ☎ |

*CHEER closes on public holidays. / 本中心於公眾假期休息。 / CHEER tutup pada hari libur umum. /
CHEER सार्वजनिक छुट्टियों पर बंद रहेगा / सार्वजनिक बिदाहरूमा CHEER बन्द हुनेछ / जनतक छुट्टीआं विच CHEER बंद रहेगा /
Ang CHEER ay sarado tuwing mga public holiday. / ศูนย์ CHEER ปิดทำการในวันหยุดราชการ / CHEER عام تعطیلات پر بند ہوگا


**Enquiry / 查詢 / Pertanyaan / पूछताछ / सोधपुछ / ਪੁੱਛ-ਪੜਤਾਲ / Pagtatanong / สอบถาม / انکوائری**

☎ +852 3106 3104 ⎙ +852 3106 0454 ✉ cheer@hkcs.org 🌐 www.hkcs.org

**Address / 地址 / Alamat / पता / ठेगाना / ਪਤਾ / ที่อยู่ / پتہ**

Unit 3, 6/F, Futura Plaza, 111-113 How Ming Street, Kwun Tong, Kowloon, Hong Kong
(Kwun Tong MTR Station Exit B3)
香港九龍觀塘巧明街111至113號富利廣場6樓3室 (觀塘港鐵B3出口)






民政事務總署
Home Affairs Department

This programme is sponsored by the Home Affairs Department
本計劃由民政事務總署資助


香港基督教服務處
HONG KONG CHRISTIAN SERVICE
全人關心 卓越創新
care for all excel in all

融匯 —— 少數族裔人士支援服務中心
Centre for Harmony & Enhancement of Ethnic Minority Residents (CHEER)

# CENTRE for HARMONY and ENHANCEMENT of ETHNIC MINORITY RESIDENTS

# CHEER

## 融匯 — 少數族裔人士支援服務中心

Pusat untuk Etnik Minoritas
अल्पसंख्यक जातीयों के लिए केन्द्र
अल्पसंख्यक जातीयहरूको लागि केन्द्र
ਘੱਟ ਗਿਣਤੀ ਲੋਕਾਂ ਲਈ ਕੇਂਦਰ

Sentro para sa Etniko Minorya
ศูนย์ให้บริการชนกลุ่มน้อย
نسلی اقلیتوں کا مرکز



Telephone Interpretation Service Hotlines (TELIS) / 電話傳譯服務熱線 (TELIS) /
Hotline Layanan Penerjemahan lewat Telepon (TELIS) / टेलीफोन व्याख्या सेवा हाटलाइन (TELIS) /
टेलिफोन दोभाषे सेवा हटलाइनहरू (TELIS) / टैलीफ़ोन विआखिआ सेवा हॉटलाईन (TELIS) /
Mga Hotline ng Serbisyong Interpretasyong Pantelepono (TELIS) /
สายด่วนบริการล่ามทางโทรศัพท์ (TELIS) / (TELIS) ٹیلی فون پر زبانی ترجمہ کی سہولت کی ہاٹ لائنز

| Languages | Hotline |
|---|---|
| Bahasa Indonesia 印尼語; Tagalog 他加祿語; Thai 泰語 | ☎ 3755 6811 |
| Hindi 印度語; Nepali 尼泊爾語 | ☎ 3755 6822 |
| Punjabi 旁遮普語; Urdu 烏爾都語 | ☎ 3755 6833 |

Multi-Languages Information Website / 多國語言資訊網頁 /
Situs Web Informasi dalam Berbagai Bahasa / बहु-भाषाओं में सूचना वेबसाइट /
बहु-भाषाहरूमा जानकारी वेबसाइट / ਬਹੁ- ਭਾਸ਼ਾਈ ਜਾਣਕਾਰੀ ਵੈਬਸਾਈਟ /
Websayt na naglalaman ng impormasyon sa iba't ibang wika /
เว็บไซต์ข้อมูลหลายภาษา / مختلف زبانوں میں معلوماتی ویب سائٹ

**www.hkcscheer.net**

## ਸੇਵਾ ਉਦੇਸ਼:

CHEER ਦਾ ਮੱਕਸਦ ਵਿਆਖਿਆ ਸੇਵਾ ਅਤੇ ਬਹੁ-ਪੱਖੀ ਪ੍ਰੋਗਰਾਮਾਂ ਦੇ ਪ੍ਰਬੰਧ ਦੁਆਰਾ, ਹੇਠਾਂ ਲਿਖੇ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਹੈ:

1. ਘੱਟ ਗਿਣਤੀ ਲੋਕਾਂ ਨੂੰ ਜ਼ਰੂਰੀ ਜਨਤਕ ਸੇਵਾਵਾਂ ਅਤੇ ਸਾਧਨਾਂ ਦੀ ਜਾਣਕਾਰੀ ਅਤੇ ਸੰਪਰਕ ਲਈ ਸਹਾਇਤਾ ਕਰਨਾ।
2. ਘੱਟ ਗਿਣਤੀ ਲੋਕਾਂ ਦੀ ਚੀਨੀ ਅਤੇ ਅੰਗਰੇਜ਼ੀ ਵਿੱਚ ਕੁਸ਼ਲਤਾ ਨੂੰ ਵਧਾਉਣਾ।
3. ਸਮੱਸਿਆ ਸੁਲਝਾਉਣ ਅਤੇ ਹਾਂਗਕਾਂਗ ਵਿੱਚ ਗੁਜਾਰੇ ਲਈ ਘੱਟ ਗਿਣਤੀ ਲੋਕਾਂ ਦੀ ਸਮਰੱਥਾ ਨੂੰ ਵਧਾਉਣਾ।
4. ਹਾਂਗਕਾਂਗ ਵਿੱਚ ਸਮਾਜਿਕ ਕਦਰਾਂ ਅਤੇ ਏਕਤਾ ਨੂੰ ਵਧਾਉਣਾ।

## ਸੇਵਾ ਦਾ ਮੁੱਖ ਟੀਚਾ:

ਹਾਂਗਕਾਂਗ ਦੇ ਸਾਰੇ ਘੱਟ ਗਿਣਤੀ ਲੋਕ

## ਮੁੱਖ ਸੇਵਾਵਾਂ:

### 1 ਵਿਆਖਿਆ ਅਤੇ ਅਨੁਵਾਦ ਸੇਵਾਵਾਂ

CHEER ਚੀਨੀ / ਅੰਗਰੇਜ਼ੀ ਨਾ ਬੋਲਣ ਵਾਲੇ ਘੱਟ ਗਿਣਤੀ ਲੋਕਾਂ ਨੂੰ ਅਤੇ ਜਰੂਰੀ ਜਨਤਕ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨੂੰ **ਅੰਗਰੇਜ਼ੀ, ਬਹਾਸਾ ਇੰਡੋਨੇਸੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ ਅਤੇ ਉਰਦੂ** ਵਿੱਚ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਮੁਹੱਈਆ ਕਰਦਾ ਹੈ।ਸੇਵਾਵਾਂ ਵਿੱਚ ਮੁੱਖ ਤੌਰ ਤੇ ਸ਼ਾਮਿਲ ਹੈ:

ਮੁਫ਼ਤ



ਟੈਲੀਫ਼ੋਨ ਵਿਆਖਿਆ ਸੇਵਾ (TELIS)

TELIS ਦਾ ਸਮਾਂ:
ਸੋਮਵਾਰ - ਐਤਵਾਰ 8am - 10pm



ਰੂਹ-ਬ-ਰੂਹ (ਬਾਹਰ) ਵਿਆਖਿਆ ਸੇਵਾ (EIS)

EIS ਦਾ ਸਮਾਂ:
ਸੋਮਵਾਰ - ਸ਼ੁਕਰਵਾਰ 10am - 6pm
ਸ਼ਨੀਵਾਰ 10am - 2pm

EIS ਫੀਸ: $60/ ਘੰਟੇ (ਦਫ਼ਤਰੀ ਸਮੇਂ ਵਿੱਚ)
$100/ ਘੰਟੇ (ਦਫ਼ਤਰੀ ਸਮੇਂ ਤੋਂ ਬਾਹਰ)

ਮੁਫ਼ਤ



ਮੌਕੇ ਤੇ ਵਿਆਖਿਆ ਸੇਵਾ (OSIS)

ਘੱਟ ਗਿਣਤੀ ਲੋਕਾਂ ਲਈ OSIS ਡ੍ਰਾੱਪ ਇਨ ਸਰਵਿਸ ਸਮੇਂ ਦੌਰਾਨ ਹੀ ਉਪਲੱਬਧ ਹੈ।



ਅਨੁਵਾਦ ਸੇਵਾ (TS) / ਪਰੂਫ ਰੀਡਿੰਗ ਸੇਵਾ (PS)

TS ਫੀਸ: $1.5 ਇਕ ਅੰਗਰੇਜ਼ੀ ਸ਼ਬਦ ਤੋਂ 1 ਸਬੰਧਿਤ ਭਾਸ਼ਾ
(ਘੱਟੋ ਘੱਟ ਚਾਰਜ $300)

PS ਫੀਸ: $0.5 ਪ੍ਰਤੀ ਸ਼ਬਦ ਪ੍ਰਤੀ ਘੱਟ ਗਿਣਤੀ ਭਾਸ਼ਾ
(ਘੱਟੋ ਘੱਟ ਚਾਰਜ $100)



ਸਮਕਾਲੀ ਵਿਆਖਿਆ ਸੇਵਾ (SIS)

(ਵਰਕਸ਼ਾਪ ਅਤੇ ਸੈਮੀਨਾਰ ਲਈ)

SIS ਦਾ ਸਮਾਂ:
ਸੋਮਵਾਰ - ਸ਼ੁਕਰਵਾਰ 10am - 6pm
ਸ਼ਨੀਵਾਰ 10am - 2pm

SIS ਫੀਸ: $150/ ਘੰਟੇ (ਦਫ਼ਤਰੀ ਸਮੇਂ ਵਿੱਚ)

*ਟਿੱਪਣੀਆਂ:*

1. *EIS, SIS, TS ਅਤੇ PS ਸਿਰਫ ਸੇਵਾ ਪ੍ਰਦਾਤਾ ਦੁਆਰਾ ਨਿਵੇਦਨ ਕਰਨ ਅਤੇ ਭੁਗਤਾਨ ਕਰਨ ਤੇ ਹੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।*
2. *ਜਿਹੜੇ ਘੱਟ ਗਿਣਤੀ ਲੋਕਾਂ ਨੂੰ EIS ਦੀ ਜਰੂਰਤ ਹੈ, ਕ੍ਰਿਪਾ ਕਰਕੇ ਆਪਣੇ ਜਨਤਕ ਸੇਵਾ ਪ੍ਰਦਾਤਾ ਨੂੰ ਨਿਵੇਦਨ ਕਰਨ।*
3. *ਸੋਮਵਾਰ ਤੋਂ ਐਤਵਾਰ 10pm-8am ਅਤੇ ਜਨਤਕ ਛੁੱਟੀਆਂ ਦੌਰਾਨ, TELIS ਅਤੇ EIS ਜਰੂਰੀ ਕੇਸਾਂ ਲਈ ਜ਼ਰੂਰਤਮੰਦ ਉਪਯੋਗਕਰਤਾ ਸਾਡੀ TELIS ਹਾਟਲਾਈਨ ਤੇ ਕਾੱਲ ਕਰ ਸਕਦੇ ਹਨ ਜਿਸ ਵਿੱਚ ਸਾਡੇ ਅੰਗਰੇਜ਼ੀ ਬੋਲਣ ਵਾਲੇ ਕਰਮਚਾਰੀ ਸਹਾਇਤਾ ਕਰਨਗੇ।*



### 2 ਭਾਸ਼ਾ ਪ੍ਰੋਗਰਾਮ

CHEER **ਭਾਸ਼ਾ ਸਿਖਲਾਈ ਪ੍ਰੋਗਰਾਮਾਂ ਦੇ ਤਿੰਨ ਪੱਧਰਾਂ** ਦਾ ਪ੍ਰਬੰਧ ਕਰਦਾ ਹੈ ਜਿਨ੍ਹਾਂ ਵਿੱਚ ਸ਼ਾਮਿਲ ਹਨ:

| | ਮੁੱਢਲੀ | ਮੱਧਵਰਤੀ | ਉੱਚ |
|---|---|---|---|
| ਚੀਨੀ ਕੋਰਸ | ਬੇਸਿਕ ਕੈਂਟੋਨੀਜ ਬੋਲਣ ਅਤੇ ਸੁਣਨ ਦੇ ਕੋਸ਼ਲ (30 ਘੰਟੇ) | ਵਿਚਕਾਰਲੇ ਪੱਧਰ ਤੇ ਕੈਂਟੋਨੀਜ ਬੋਲਣ ਅਤੇ ਸੁਣਨ ਦੇ ਕੋਸ਼ਲ, ਅਤੇ ਸਰਲ ਚੀਨੀ ਸ਼ਬਦਾਂ ਨੂੰ ਪਹਿਚਾਣਾ (50 ਘੰਟੇ) | ਉੱਚ ਪੱਧਰ ਤੇ ਕੈਂਟੋਨੀਜ ਬੋਲਣ ਅਤੇ ਸੁਣਨ ਦੇ ਕੋਸ਼ਲ, ਸਰਲ ਚੀਨੀ ਸ਼ਬਦ ਪੜਨਾ ਅਤੇ ਵਾਕ ਲਿਖਣਾ (60 ਘੰਟੇ) |
| ਅੰਗਰੇਜ਼ੀ ਕੋਰਸ | ਬੇਸਿਕ ਅੰਗਰੇਜ਼ੀ ਸੁਣਨ,ਬੋਲਣ,ਪੜ੍ਹਨ ਅਤੇ ਲਿਖਣ ਦੇ ਕੋਸ਼ਲ (30 ਘੰਟੇ) | ਵਿਚਕਾਰਲੇ ਪੱਧਰ ਤੇ ਅੰਗਰੇਜ਼ੀ ਸੁਣਨ,ਬੋਲਣ,ਪੜ੍ਹਨ ਅਤੇ ਲਿਖਣ ਦੇ ਕੋਸ਼ਲ (30 ਘੰਟੇ) | ਉੱਚ ਪੱਧਰ ਤੇ ਅੰਗਰੇਜ਼ੀ ਸੁਣਨ,ਬੋਲਣ,ਪੜ੍ਹਨ ਅਤੇ ਲਿਖਣ ਦੇ ਕੋਸ਼ਲ (30 ਘੰਟੇ) |

ਕਲਾਸ ਵਿੱਚ ਸਿੱਖਣ ਤੋਂ ਇਲਾਵਾ, ਘੱਟ ਗਿਣਤੀ ਲੋਕਾਂ ਲਈ ਭਾਸ਼ਾ ਕੋਸ਼ਲ ਵਧਾਉਣ ਲਈ ਹੋਰ ਸਹਾਇਤਾ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ:

1. **ਮੈਂਟਰ@ਹੋਮ ਸਕੀਮ**
(ਵਲੰਟੀਅਰ ਦੁਆਰਾ ਘਰ ਅਧਾਰਿਤ ਇਕ ਤੇ ਇਕ ਭਾਸ਼ਾ ਅਧਿਆਪਨ ਪ੍ਰੋਗਰਾਮ।)
2. **ਪੀਯਰ ਅਸਿਸਟਿਡ ਲਰਨਿੰਗ (PAL) ਕਲੱਬ**
(**ਪੀਯਰ ਸਪੋਰਟ** ਨਾਲ ਭਾਸ਼ਾ ਕੋਸ਼ਲ ਨੂੰ ਸਿੱਖਣ ਅਤੇ ਅਭਿਆਸ ਕਰਨ ਲਈ ਪਲੇਟਫਾਰਮ)

### 3 ਏਕੀਕਰਨ ਪ੍ਰੋਗਰਾਮ

ਘੱਟ ਗਿਣਤੀ ਲੋਕਾਂ ਨੂੰ ਜਰੂਰੀ ਜਾਣਕਾਰੀ ਅਤੇ ਕੁਸ਼ਲਤਾ ਨਾਲ ਭਰਨ ਲਈ ਅਤੇ ਹਾਂਗਕਾਂਗ ਵਿੱਚ ਏਕੀਕਰਨ ਲਈ ਉਹਨਾਂ ਦਾ ਸਮਾਜਿਕ ਨੈੱਟਵਰਕ ਮਜਬੂਤ ਕਰਨ ਲਈ ਪ੍ਰੋਗਰਾਮਾਂ ਦੀ ਇਕ ਵਿਸਤਾਰ ਲੜੀ ਦਾ ਪ੍ਰਬੰਧ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸ਼ਾਮਿਲ ਹਨ:

1. **ਤਕਨੀਕੀ ਸਾਖਰਤਾ ਪ੍ਰੋਗਰਾਮ**
(ਉਹ ਪ੍ਰੋਗਰਾਮ ਜੋ ਪ੍ਰਯੋਗਕਰਤਾ ਦੀ ਤਕਨੀਕੀ ਜਾਣਕਾਰੀ ਨੂੰ ਵਧਾਵੇ ਜੋ ਕਿ ਉਹਨਾ ਦੇ ਦੈਨਿਕ ਜੀਵਨ, ਪੇਸ਼ਾ ਅਤੇ ਪੜ੍ਹਾਈ ਵਿੱਚ ਲਾਭਦਾਇਕ ਹੋਵੇ)
2. **ਸਮਾਜਿਕ ਅਤੇ ਸੱਭਿਆਚਾਰਕ ਪ੍ਰੋਗਰਾਮ**
(ਉਹ ਪ੍ਰੋਗਰਾਮ ਜੋ ਪ੍ਰਯੋਗਕਰਤਾ ਦੀ ਸਥਾਨਕ ਸਭਿਆਚਾਰ, ਨੀਤੀਆਂ ਅਤੇ ਸਾਧਨਾਂ ਬਾਰੇ ਜਾਣਕਾਰੀ ਨੂੰ ਵਧਾਵੇ)
3. **ਕਰਾਸ- ਸਭਿਆਚਾਰਕ ਗਤੀਵਿਧਿਆਂ**
(ਉਹ ਪ੍ਰੋਗਰਾਮ ਜੋ ਵੱਖ ਵੱਖ ਸਭਿਆਚਾਰਾਂ ਦੇ ਲੋਕਾਂ ਵਿੱਚ ਮੇਲ ਜੋਲ ਵਧਾਵੇ)
4. **ਵਲੰਟੀਅਰ ਪ੍ਰੋਗਰਾਮ ਅਤੇ ਸਮੂਹ**
(ਉਹ ਪ੍ਰੋਗਰਾਮ ਜੋ ਪ੍ਰਯੋਗਕਰਤਾ ਨੂੰ ਆਪਣੀ ਸਮਰੱਥਾ ਦਾ ਧਿਆਨ ਰਖਣ ਅਤੇ ਸਮਾਜ ਵਿੱਚ ਯੋਗਦਾਨ ਪਾਉਣ ਲਈ ਉਕਸਾਉਂਦੇ ਹਨ)
5. **ਆਫ਼ਟਰ ਸਕੂਲ ਸਪੋਰਟ ਕਲਾਸਾਂ**
(ਪ੍ਰਾਇਮਰੀ ਅਤੇ ਜੂਨੀਅਰ ਸਕੈਂਡਰੀ ਵਿਦਿਆਰਥੀਆਂ ਲਈ ਹੋਮਵਰਕ ਸਮਰਥਨ, ਅਤੇ ਕਿੰਡ੍ਰਗਾਰਟਨ ਦੇ ਵਿਦਿਆਰਥੀਆਂ ਦੀ ਚੀਨੀ ਸਿੱਖਣ ਵਿੱਚ ਰੁਚੀ ਵਧਾਉਣ ਲਈ ਕਲਾਸਾਂ)
6. **ਰੁਜ਼ਗਾਰ ਸਪੋਰਟ ਸਰਵਿਸ**
(ਨੌਕਰੀ ਅਤੇ ਇੰਟਰਵਿਯੂ ਕੋਸ਼ਲ ਦੇਣ ਬਾਰੇ ਜਾਣਕਾਰੀ
ਅਤੇ ਨੌਕਰੀ ਦੀਆਂ ਅਸਾਮੀਆਂ ਬਹੁ- ਭਾਸ਼ਾਈ ਜਾਣਕਾਰੀ ਵੈਬਸਾਈਟ: www.hkcscheer.net ਤੇ ਉਪਲਬਧ ਹਨ)
7. **ਯੂਥ ਯੂਨਿਟ (ਸਲਾਹ ਲਈ ਹਾੱਟਲਾਈਨ: 5222 0554)**

### 4 ਸਲਾਹ, ਮਾਰਗ ਦਰਸ਼ਨ ਅਤੇ ਸਿਫ਼ਾਰਸ ਸੇਵਾਵਾਂ

ਸਾਡੇ ਦਰਜ ਸਮਾਜਿਕ ਕਰਮਚਾਰੀ ਹਾਂਗਕਾਂਗ ਵਿੱਚ ਜਰੂਰਤਮੰਦ ਘੱਟ ਗਿਣਤੀ ਲੋਕਾਂ ਲਈ ਸਲਾਹ, ਮਾਰਗ ਦਰਸ਼ਨ ਅਤੇ ਸਿਫ਼ਾਰਸ ਸੇਵਾਵਾਂ ਪ੍ਰਦਾਨ ਕਰਨਗੇ। ਅਸੀ ਵਿਸ਼ੇਸ਼ ਰੂਪ ਤੋਂ ਨਵੇਂ ਆਏ ਘੱਟ ਗਿਣਤੀ ਨਿਵਾਸੀਆਂ ਦੀਆਂ ਜਰੂਰਤਾਂ ਲਈ ਚਿੰਤਤ ਹਾਂ।

#### ਅਰਜ਼ੀ ਅਤੇ ਬਾਹਰ ਹੋਣ ਲਈ ਸੇਵਾਵਾਂ:

1. ਸਾਰੇ ਘੱਟ ਗਿਣਤੀ ਲੋਕ ਸਾਡੀਆਂ ਸੇਵਾਵਾਂ ਵਿੱਚ ਦਾਖਲਾ ਇਸ ਤਰ੍ਹਾਂ ਲੈ ਸਕਦੇ ਹਨ:
   - ਵਿਆਖਿਆ ਅਤੇ ਅਨੁਵਾਦ, ਸਲਾਹ, ਮਾਰਗ ਦਰਸ਼ਨ ਅਤੇ ਸਿਫ਼ਾਰਸ ਸੇਵਾਵਾਂ ਲਈ TELIS ਹਾੱਟਲਾਈਨ ਤੇ ਕਾੱਲ ਕਰੋ ਜਾਂ ਦਫ਼ਤਰੀ ਸਮੇਂ ਦੌਰਾਨ ਸਾਡੇ ਸੈਂਟਰ ਵਿੱਚ ਆਓ।
   - ਭਾਸ਼ਾ ਅਤੇ ਏਕੀਕਰਨ ਪ੍ਰੋਗਰਾਮਾਂ ਲਈ ਸਿਰਫ ਦਾਖਲਾ ਫਾਰਮ ਭਰੋ ਅਤੇ ਡਾਕ ਰਾਹੀਂ ਜਾਂ ਖੁਦ ਆਕੇ ਸਾਨੂੰ ਵਾਪਿਸ ਕਰੋ।
2. ਸੇਵਾ ਪ੍ਰਯੋਗਕਰਤਾ ਸਾਡੇ ਸਟਾਫ ਨੂੰ ਸੇਵਾ ਖਤਮ ਕਰਨ ਦੀ ਜ਼ਬਾਨੀ ਬੇਨਤੀ ਕਰਕੇ ਸੇਵਾਵਾਂ ਤੋ ਬਾਹਰ ਹੋ ਸਕਦਾ ਹੈ।

*ਫ਼ੀਸ:* ਘੱਟ ਗਿਣਤੀ ਲੋਕਾਂ ਲਈ ਸੇਵਾਵਾਂ **ਮੁਫ਼ਤ** ਹਨ।